# ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ) ਬਠਿੰਡਾ

E-Mail id: dpobathinda@gmail.com Tel: 0164-2217295


ਵੱਲ **ਅਤਿ ਜਰੂਰੀ (ਯਾਦ ਪੱਤਰ)**

1) ਸਮੂਹ ਬੀ.ਪੀ.ਈ.ਓਜ਼,
ਜਿਲ੍ਹਾ ਬਠਿੰਡਾ ਅਤੇ

2) ਸਮੂਹ ਪ੍ਰਿੰਸੀਪਲ/ਹੈੱਡ ਮਾਸਟਰ/ਮਿਸਟ੍ਰੈਸ/ਸਕੂਲ ਮੁਖੀ,
ਸਰਕਾਰੀ /ਏਡਿਡ/ਅਣਏਡਿਡ ਪ੍ਰਾਈਵੇਟ ਸਕੂਲਜ਼ (ਕਲਾਸ ਪ੍ਰੀ ਪ੍ਰਾਇਮਰੀ ਤੋਂ ਬਾਰਵੀਂ)
ਜਿਲ੍ਹਾ ਬਠਿੰਡਾ।

ਪੱਤਰ ਨੰ:-ਸਸਅ/ਆਈ.ਈ.ਡੀ/2022-23/ 2525

ਮਿਤੀ ਬਠਿੰਡਾ: 22.12.2022

ਵਿਸ਼ਾ- ਈ.ਪੰਜਾਬ ਪੋਰਟਲ ਤੇ ਦਿਵਿਆਂਗ ਬੱਚਿਆਂ ਦੇ ਬੈਂਕ ਅਕਾਉਂਟ ਅਤੇ ਯੂ.ਡੀ.ਆਈ.ਡੀ. ਕਾਰਡ/ਡਿਸਐਬਿਲਟੀ ਸਰਟੀਫਿਕੇਟ ਡਿਟੇਲ ਅਪਡੇਟ ਕਰਨ ਸਬੰਧੀ।

ਹਵਾਲਾ- ਇਸ ਦਫਤਰ ਦੇ ਪੱਤਰ ਨੰ:ਸਸਅ/ਆਈ.ਈ.ਡੀ./2022-23/2380 ਮਿਤੀ 07.10.2022 ਅਤੇ ਸਸਅ/ਆਈ.ਈ.ਡੀ./2022-23/2512 ਮਿਤੀ 13.12.2022

ਅੰਕਿਤ ਵਿਸ਼ਾ ਅਤੇ ਹਵਾਲਾ ਅਧੀਨ ਇਸ ਦਫਤਰ ਤੋਂ ਜਾਰੀ ਪੱਤਰ ਅਨੁਸਾਰ ਈ.ਪੰਜਾਬ ਪੋਰਟਲ ਤੇ ਦਿਵਿਆਂਗ ਬੱਚਿਆਂ ਨਾਲ ਸਬੰਧਤ ਕੁਝ ਨਵੇਂ ਕਾਲਮ ਅਪਡੇਟ ਕੀਤੇ ਗਏ ਸੀ। ਜਿਨ੍ਹਾਂ ਵਿੱਚ ਆਪ ਵੱਲੋਂ ਦਿਵਿਆਂਗ ਬੱਚਿਆਂ ਨਾਲ ਸਬੰਧਤ ਡਿਸਐਬਿਲਟੀ ਸਰਟੀਫਿਕੇਟ ਅਤੇ ਬੈਂਕ ਅਕਾਉਂਟ ਦੀ ਡਿਟੇਲ ਭਰੀ ਜਾਣੀ ਸੀ। ਅੱਜ ਮਿਤੀ 22.12.2022 ਦੀ ਈ.ਪੰਜਾਬ ਪੋਰਟਲ ਦੀ ਰਿਪੋਰਟ ਅਨੁਸਾਰ ਅਨੁਸਾਰ ਕੁਝ ਸਕੂਲਾਂ ਵੱਲੋਂ ਬੱਚਿਆਂ ਦੇ ਬੈਂਕ ਅਕਾਉਂਟ/ ਬੈਂਕ ਦਾ ਨਾਮ /ਆਈ.ਐਫ.ਸੀ. ਕੋਡ/ਬੈਂਕ ਦਾ ਪਤਾ/ ਡਿਸਐਬਿਲਟੀ ਸਰਟੀਫਿਕੇਟ ਨੰ: ਆਦਿ ਅਪਡੇਟ ਨਹੀਂ ਕੀਤੇ ਗਏ। ਇਸ ਲਈ ਇਸ ਪੱਤਰ ਰਾਹੀਂ ਆਪ ਨੂੰ ਮੁੜ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਸਕੂਲ ਵਿੱਚ ਈ.ਪੰਜਾਬ ਪੋਰਟਲ ਤੇ ਦਾਖਲ ਦਿਵਿਆਗ ਵਿਦਿਆਰਥੀਆਂ ਦੀ ਡਿਟੇਲ(ਬਿਨਾਂ ਸਰਟੀਫਿਕੇਟ ਅਤੇ ਸਰਟੀਫਿਕੇਟ ਸਮੇਤ) ਮਿਤੀ 24.12.2022 ਤੱਕ ਈ.ਪੰਜਾਬ ਪੋਰਟਲ ਤੇ ਅਪਡੇਟ ਕਰ ਦਿੱਤੀ ਜਾਵੇ ਤਾਂ ਜੋ ਇਹਨਾਂ ਬੱਚਿਆਂ ਨੂੰ ਸਰਕਾਰ ਵੱਲੋਂ ਜਾਰੀ ਵੱਖ ਵੱਖ ਸਕੀਮਾਂ ਦਾ ਲਾਭ ਬਿਨਾਂ ਕਿਸੇ ਰੁਕਾਵਟ ਦੇ ਦਿੱਤਾ ਜਾ ਸਕੇ। ਜੇਕਰ ਆਪ ਵੱਲੋਂ ਸਮੇਂ ਸਿਰ ਇਹ ਡਾਟਾ ਅਪਡੇਟ ਨਾ ਕੀਤਾ ਗਿਆ ਤਾਂ ਬਹੁਤ ਸਾਰੇ ਦਿਵਿਆਂਗ ਵਿਦਿਆਰਥੀ ਡੀ.ਬੀ.ਟੀ. ਸਕੀਮ ਤੋਂ ਵਾਂਝੇ ਰਹਿ ਜਾਣਗੇ ਜਿਸ ਦੀ ਆਪ ਦੀ ਨਿੱਜੀ ਜਿੰਮੇਵਾਰੀ ਹੋਵੇਗੀ ਅਤੇ ਉਸ ਤੋਂ ਬਾਅਦ ਆਪ ਦੇ ਵਿਰੁੱਧ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

ਨੱਥੀ- ਸਾਫਟ ਕਾਪੀ।

ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.),
ਬਠਿੰਡਾ

ਜਿਲ੍ਹਾ ਸਿੱਖਿਆ ਅਫਸਰ(ਐ.ਸਿ.),
ਬਠਿੰਡਾ

22/12/22

E:\A RAJNI\A letters\2 ssa letters....docx[Type text]